Pamphlet Published by Sikh Students Federation
*(on 6 June, 2002)*

# ਇਕ ਪੀੜ੍ਹੀ ਦੇ ਫਾਸਲੇ ਤੋਂ ....

ਜੂਨ ’84 ਦਾ ਸਾਕਾ ਕਿਉਂ ਵਾਪਰਿਆ? ਕੋਈ ਕਾਰਨ ਵੀ ਹੋਣਗੇ! ਜੇ ਹੁਣ ਸਭ ਸ਼ਾਂਤੀ ਦਿਸਦੀ ਹੈ ਤਾਂ ਕੋਈ ਵਜ੍ਹਾ ਤਾਂ ਹੈ?... ਖੌਰੇ ਅਸੀਂ ਇੰਤਹਾਂ ਦੀ ਦਰਿੰਦਗੀ ਨਾਲ ਕੋਹੇ ਜਾਂਦੇ ਨੌਜਵਾਨਾਂ ਨੂੰ ਦੇਖਦੇ ਹੋਏ, ਸਵਾਲਾਂ ਸਮੇਤ ਯਖ਼ ਹੋ ਗਏ ਹਾਂ। ਪਰ ਪਿਛਲੇ 20–25 ਵਰ੍ਹਿਆ ਦੇ ਮਾਰੂ ਅਸਰ ਅਧੀਨ ਆਏ ਲੋਕ ਜਖ਼ਮੀ ਸਵੈਮਾਣ ਅਤੇ ਚਸਕਦੀਆਂ ਹੱਡੀਆਂ ਸਮੇਤ ਪੁੱਛਦੇ ਹਨ ਕਿ ਆਖਿਰ ਸਾਡਾ ਕਸੂਰ ਕੀ ਸੀ? ਅਸੀਂ ਜੋ ਸੰਤਾਪ ਹੰਢਾਇਆ, ਉਸਦਾ ਕੀ ਸਿੱਟਾ ਨਿਕਲਿਆ? ਕੌਮ ਦੀ ਹੋਣੀ ਨਾਲ ਜੁੜੀਆਂ ਜੋ ਗੱਲਾਂ ਸਨ... ਉਹ ਕਿੱਥੇ ਗਈਆਂ? ਜਿਹੜੇ ਵਿਅਕਤੀ ਜੂਨ ’84 ਸਮੇਂ ਜਾਂ ਮਗਰੋਂ ਸੰਘਰਸ਼ ਵਿਚ ਕੋਈ ਜਿੰਮੇਵਾਰ ਥਾਂ ਰੱਖਦੇ ਸਨ ਉਨ੍ਹਾਂ ਦਾ ਅੱਜ ਦਾ ਰੋਲ ਕੀ ਹੈ? ਇਹ ਆਉਣ ਵਾਲੀ ਪੀੜ੍ਹੀ ’ਤੇ ਕੀ ਪ੍ਰਭਾਵ ਪਾਏਗਾ? ਜਿੰਨ੍ਹਾਂ ਸਵਾਲਾਂ ਨੂੰ ਲੈ ਕੇ ਜਦੋ-ਜਹਿਦ ਸ਼ੁਰੂ ਹੋਈ ਸੀ ਕੀ ਉਨ੍ਹਾਂ ਵਿਚੋਂ ਇਕ ਵੀ ਪੂਰਾ ਹੋਇਆਂ?

ਆਖਿਰ ਕੋਈ ਜਿੰਦਗੀ ਗਵਾਉਂਣ ਲਈ ਕਿਉਂ ਤਿਆਰ ਹੁੰਦਾ ਏ? ਅਨੇਕਾਂ ਸਿੱਖ ਘਰਾਂ ਦੀਆਂ ਦੋ-ਦੋ, ਤਿੰਨ-ਤਿੰਨ ਪੀੜ੍ਹੀਆਂ ਖ਼ਤਮ ਹੋ ਗਈਆਂ, ਪਰ ਜਿਨ੍ਹਾਂ ਦੇ ਪੰਥਕ ਲੀਡਰਾਂ ਦੇ ਝੰਡੇ ਉਠਾਏ ਹੋਏ ਸਨ, ਉਹ ਉਸੇ ਤਰ੍ਹਾਂ ਉੱਥੇ ਹੀ ਬਰਕਰਾਰ ਹਨ। ਇਨ੍ਹਾਂ ਦਾ ਰੋਲ ਕੀ ਹੁੰਦਾ ਹੈ? ਇਨ੍ਹਾਂ ਦਾ ਕਿਰਦਾਰ ਕੀ ਏ? ਜਿੰਨ੍ਹਾਂ ਦੇ ਕਹੇ ਮੋਰਚੇ ਲਾਏ, ਆਪਣਾ ਖ਼ੂਨ ਵਹਾਇਆ, ਉਨ੍ਹਾਂ ਨੇ ਵੇਲਾ ਆਉਂਣ ’ਤੇ ਸਵਾਲ ਸਾਡੇ ਹੀ ਖ਼ੂਨ ਵਿਚ ਡੁਬੋ ਦਿੱਤੇ। ਉਨ੍ਹਾਂ ਨੂੰ ਹੋਰ ਵਡੇਰੀ ਚੌਧਰ ਮਿਲੀ ਪਰ ਕੌਮ ਨੂੰ ਕੀ ਮਿਲਿਆ-ਜ਼ਲਾਲਤ...ਬੇਪੱਤੀ... ਬੇਇੱਜ਼ਤੀ...ਗਰੀਬੀ...ਚੁਟਕਲੇ।

ਕੁਝ ਸਮਾਂ ਪਹਿਲਾਂ ਲਗਭਗ ਸਾਰੀਆਂ ਸਿੱਖ ਤਾਕਤਾਂ ਦੀ ਬਾਦਲ ਨੂੰ ਚੰਗਾ ਲੀਡਰ ਸਾਬਤ ਕਰਨ ਦੀ ਕੋਸ਼ਿਸ਼ ਸੀ। ਹੁਣ ਟੌਹੜੇ ਵੱਲ ਵੀ ਝਾਕਣ ਲੱਗੀਆਂ ਹਨ? (ਡੇਢ ਜਾਂ ਢਾਈ-ਢਾਈ ਬੰਦਿਆਂ ਦੇ ਗਰੁੱਪ, ਜੋ ਵੱਖਰੀ ਸੋਚ ਦੇ ਦਾਅਵੇਦਾਰ ਹਨ, ਉਹ ਵੀ ਆਖਰ ਇਨ੍ਹਾਂ ਦੀ ਛਾਂ ਵੱਲ ਹੀ ਅਹੁਲਦੇ ਹਨ) ਕਿਸੇ ਸਮੇਂ ਸਿੱਖ ਕੌਮ ਇਨ੍ਹਾਂ ਦੋਹਾਂ ਨੂੰ ਇਨ੍ਹਾਂ ਵਰਗਿਆਂ ਸਮੇਤ ਰੱਦ ਕਰ ਚੁੱਕੀ ਹੈ। ਕੁਝ ਕੁ ਸਾਫ਼ ਦਿਲ ਲੋਕ ਪਿਛਲੀਆਂ ਗਲਤੀਆਂ ਨੂੰ ਠੀਕ ਕਰਨ ਦੇ ਪਛਤਾਵੇ ਜਾਂ ਕਾਹਲ ਵਿਚ ਛੱਪੜਾਂ ਕਿਨਾਰਿਓਂ ਹੰਸ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸਭ ਕਾਸੇ ਨੂੰ ਅਖੌਤੀ ਗੰਭੀਰ ਲੋਕ ਕਹਿ ਰਹੇ ਹਨ ਕਿ ਇਤਿਹਾਸ ਗੇੜਾ ਖਾ ਕੇ ਮੁੜ ਉੱਥੇ ਹੀ ਆ ਗਿਆ ਹੈ। ਪਰ ਸਾਡੀ ਸਮਝ ਵਿਚ ਇਹ ਸਮੁੱਚੇ ਕੌਮੀ ਕਿਰਦਾਰ ਦੇ ਨਿਘਾਰ ਦੀ ਅਵਸਥਾ ਹੈ ਜਿਸ ਵਿਚ ਸਾਧੂ ਸਿੰਘ ਰਾਗੀ, ਜਸਬੀਰ ਸਿੰਘ ਆਹਲੂਵਾਲੀਆ ਤੇ ਰਵੀ ਸਿੱਧੂ ਜਿਹੇ ਨਮੂਨੇ ਸ਼ਾਮਲ ਹਨ।

ਧਾਰਮਿਕ ਖੇਤਰ ਵਿਚ ਅਖੌਤੀ ਪ੍ਰਚਾਰਕਾਂ ਅਤੇ ਰਾਜਸੀ ਪਿੜ ਵਿਚ ਰਵਾਇਤੀ ਅਕਾਲੀਆਂ ਦਾ ਕਬਜ਼ਾ ਰਿਹਾ ਹੈ। ਕੌਮੀ ਜਜ਼ਬੇ ਨਾਲ ਭਰਪੂਰ ਨੌਜਵਾਨ ਵਰਗ ਸਹੀ ਰੂਪ ਵਿਚ ਆਪਣੀ ਥਾਂ ਨਹੀਂ ਬਣਾ ਸਕਿਆ। ਇਸਦਾ ਸਭ ਤੋਂ ਵੱਡਾ ਕਾਰਨ ਸਿਧਾਂਤਕ ਅਤੇ ਜਥੇਬੰਦਕ ਘਾਟ ਸੀ। ਕੌਮੀ ਹਾਲਾਤ ਅਤੇ ਆਲੇ-ਦੁਆਲੇ ਦੇ ਪ੍ਰਭਾਵ ਅਧੀਨ ਨੌਜਵਾਨ ਵਰਗ ਬੀਤੇ ਸਮੇਂ ਉਦਾਸੀਨ ਅਤੇ ਆਪਣੀ ਪਛਾਣ ਪ੍ਰਤੀ ਸ਼ੱਕੀ ਹੋ ਗਿਆ ਹੈ। ਇਸ ਵਿਚ ਭਵਿੱਖ ਵਿਚ ਹੋਂਦ ਦਾ ਡਰ ਵੀ ਸ਼ਾਮਲ ਹੈ। ਪਰ ਸਾਡੇ ਪ੍ਰਚਾਰਕ ਗੁਰਬਾਣੀ ਅਤੇ ਇਤਿਹਾਸ ਦੀ ਸਿੱਧੜ ਵਿਆਖਿਆ ਕਰਕੇ ਜੋੜਨ ਦੀ ਥਾਂ ਤੋੜ ਰਹੇ ਹਨ। ਇਹੀ ਲੋਕ ਨੌਜਵਾਨ ਵਰਗ ਸਿਰ, ਬਿਨਾਂ ਕਾਰਨ ਜਾਣੇ, ਕੌਮੀ ਸਰੂਪ ਤਿਆਗਣ ਦਾ ਦੋਸ਼ ਥੱਪ ਰਹੇ ਹਨ।

ਜਿੱਥੇ ਬਹੁਤੇ ਬਾਬਿਆਂ ਨੇ ਆਮ ਲੋਕਾਂ ਨੂੰ ਮਾਨਸਿਕ ਤੌਰ 'ਤੇ ਵਰਗਲਾਇਆ ਹੋਇਆ ਹੈ ਉੱਥੇ ਕੁਝ ਕੁ ਅਸੰਤਾਂ ਨੇ ਤਹਿ ਦਿਲੀ ਨਾਲ ਸੇਵਾ ਕਰਕੇ ਇਤਿਹਾਸਿਕ ਅਤੇ ਸਭਿਆਚਾਰਕ ਨਿਸ਼ਾਨੀਆਂ ਮਿਟਾ ਕੇ ਸਾਨੂੰ ਸੰਗਮਰਮਰੀ ਨੰਗ ਕਰ ਦਿੱਤਾ ਹੈ। ਦੁਨੀਆਂ ਦੇ ਇਤਿਹਾਸ ਵਿਚ ਹਾਲਾਤ ਨੂੰ ਬਦਲ ਦੇਣ ਵਾਲੀਆਂ ਅਤੇ ਕੌਮਾਂ ਨੂੰ ਅੱਗੇ ਲਿਜਾਣ ਵਾਲੀਆਂ ਮਹਾਨ ਘਟਨਾਵਾਂ ਵਿਚ ਵਿਦਵਾਨਾਂ ਦੀ ਮਹੱਤਵਪੂਰਨ ਥਾਂ ਰਹੀ ਹੈ। ਪਰ ਪਿਛਲੇ ਸਮੇਂ ਵਿਚ ਸਿੱਖ ਕੌਮ ਦੇ ਬੁੱਧੀਜੀਵੀਆਂ ਨੇ ਜੋ ਜ਼ਿੰਮੇਵਾਰੀ ਨਿਭਾਈ ਉਸਦਾ ਖਮਿਆਜਾ ਘੱਟੋ-ਘੱਟ ਸਾਡੀ ਪੀੜ੍ਹੀ ਨੂੰ ਤਾਂ ਭੁਗਤਣਾਂ ਹੀ ਪਵੇਗਾ ਅਤੇ ਇਤਿਹਾਸ ਦੀ ਲਕੀਰ ਵਿਚ ਸਾਨੂੰ ਹੀ ਭੁਗਤਣਾ ਚਾਹੀਦਾ ਹੈ।

ਨੌਜਵਾਨ ਵਰਗ ਲਈ ਸਿਧਾਂਤਕ ਪ੍ਰਪੱਕਤਾ ਅਤੇ ਕੌਮੀ ਚੇਤਨਾ ਅਤਿ ਜ਼ਰੂਰੀ ਹੈ। ਇਸ ਤੋਂ ਬਿਨਾਂ ਵੱਡੀਆਂ-ਵੱਡੀਆਂ, ਕੁਰਬਾਨੀਆਂ ਅਤੇ ਦਲੇਰੀ ਭਰਪੂਰ ਕਾਰਨਾਮੇ ਅਜਾਈਂ ਚਲੇ ਜਾਂਦੇ ਹਨ। ਸਿਧਾਂਤਕ ਅਤੇ ਜਥੇਬੰਦਕ ਪ੍ਰਪੱਕਤਾ ਸਦਕਾ ਹੀ ਸਿੱਖ ਕੌਮ ਨੇ ਜੋਗੀਆਂ, ਬ੍ਰਾਹਮਣਾਂ, ਮੁਗਲ ਸਲਤਨਤ, ਅੰਗਰੇਜ਼ੀ ਸਾਮਰਾਜ ਅਤੇ ਮੌਜੂਦ ਹਾਕਮਾਂ ਦਾ ਸਾਹਮਣਾ ਕੀਤਾ ਅਤੇ ਅੱਗੇ ਨੂੰ ਕਰਨਾ ਹੈ। ਜ਼ਰੂਰੀ ਨਹੀਂ ਕਿ ਸਾਰਿਆਂ ਨੂੰ ਸਾਹਮਣੇ ਦਿਸਦਾ ਸਭ ਕੁਝ ਸਮਝ ਆਵੇ ਪਰ ਕਿਸੇ ਰਾਹ 'ਤੇ ਤੁਰਨ ਲਈ ਨਾ ਸਿਰਫ਼ ਵਰਤਮਾਨ ਨੂੰ ਸਮਝਣਾ ਚਾਹੀਦਾ ਹੈ ਸਗੋਂ ਇਤਿਹਾਸ ਨੂੰ ਘੋਖਣਾ ਅਤੇ ਭਵਿੱਖ ਬਾਰੇ ਸੋਚਣਾ ਵੀ ਬਹੁਤ ਜ਼ਰੂਰੀ ਹੈ।

ਇਕ ਪੀੜ੍ਹੀ ਦੇ ਸਮੇਂ ਵਿਚ .... ਸਰਵਪੱਖੀ ਅਰਾਮ ਦੀਆਂ ਬੇਅੰਤ ਸਹੂਲਤਾਂ ਕਰਕੇ ਸੋਚ ਵੀ ਬਦਲ ਗਈ ਹੈ। ਅਸੀਂ ਪ੍ਰਸ਼ਨਾਂ ਦੇ ਸਨਮੁੱਖ ਹੋਣ ਦੀ ਬਜਾਇ ਇਧਰ-ਉਧਰ ਦੀਆਂ ਗੱਲਾਂ ਨਾਲ ਸਾਰਦੇ ਹਾਂ। ਦੂਜਿਆਂ ਦੀ ਨੁਕਤਾਚੀਨੀ ਕਰਦੇ ਹਾਂ। ਦੁਸ਼ਮਣ ਸਾਨੂੰ ਮਾਰ ਰਿਹਾ ਹੈ ਦੇ ਰੋਣੇ ਰੋਂਦੇ ਹਾਂ। ਕਿਸੇ ਕਰਾਮਾਤ ਦੇ ਵਾਪਰਨ ਦੀ ਬੜੀ ਤੀਬਰਤਾ ਨਾਲ ਉਡੀਕ ਕਰਦੇ ਹਾਂ। ਬਣੀਆਂ ਬਣਾਈਆਂ ਧਾਰਨਾਵਾਂ ਤੇ ਬੜੀ ਛੇਤੀ ਯਕੀਨ ਕਰਦੇ ਹਾਂ। ਜੋ ਵਿਵਹਾਰ ਵਿਚ ਹਿੰਦੋਸਤਾਨ ਦੀ ਭਾਰੂ ਸਭਿਅਤਾ ਦੇ ਸਿਧਾਤਾਂ ਨਾਲ ਮੇਲ ਖਾਂਦਾ ਹੈ। ਸਿਧਾਂਤਕ ਸਪੱਸ਼ਟਤਾ ਅਤੇ ਜਥੇਬੰਦਕ ਚੇਤਨਤਾ ਬਿਨਾਂ ਕੋਈ ਕੌਮਾ ਲੰਬਾ ਚਿਰ ਜੀਅ ਨਹੀਂ ਸਕਦੀ। ਇਹ ਸਿਧਾਂਤ ਅਤੇ ਪਹਿਚਾਣ ਦੇ ਵਖਰੇਵੇਂ ਹੀ ਸਨ ਜਿੰਨ੍ਹਾਂ ਕਰਕੇ ਜੂਨ '84 ਵਾਪਰਿਆ।

ਅਸੀਂ ਕਿੱਥੇ ਖੜੇ ਹਾਂ....?

ਵੱਲੋਂ

# ਐਡਹਾਕ ਕਮੇਟੀ,
# ਸਿੱਖ ਸਟੂਡੈਂਟਸ ਫੈਡਰੇਸ਼ਨ

(ਇਹ ਦਸਤਾਵੇਜ਼ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ 6 ਜੂਨ, 2002 ਨੂੰ
ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵੰਡਿਆ ਗਿਆ )